Alberta

ਨਿਊਜ਼ ਰਿਲੀਜ਼

# ਨਵੇਂ ਸਾਲ ਦਾ ਦਿਨ: ਪ੍ਰੀਮੀਅਰ ਸਮਿਥ

01 ਜਨਵਰੀ, 2023 ਮੀਡੀਆ ਪੁੱਛਗਿੱਛ

## ਪ੍ਰੀਮੀਅਰ ਡੇਨੀਅਲ ਸਮਿਥ ਨੇ 2023 ਦੀ ਆਮਦ ਦਾ ਜਸ਼ਨ ਮਨਾਉਂਦੇ ਹੋਏ ਇਹ ਬਿਆਨ ਜਾਰੀ ਕੀਤਾ:

“ਨਵੇਂ ਸਾਲ ਦੀ ਸ਼ੁਰੂਆਤ ਦੇ ਨਾਲ, ਅਲਬਰਟਾ ਨਿਵਾਸੀਆਂ ਕੋਲ ਆਸ਼ਾਵਾਦ ਲਈ ਬਹੁਤ ਸਾਰੇ ਕਾਰਨ ਹਨ।

“ਸਾਡੀ ਅਰਥ ਵਿਵਸਥਾ ਗੰਭੀਰ ਚੁਣੌਤੀਆਂ ਤੋਂ ਵਾਪਸ ਉਭਰੀ ਹੈ ਅਤੇ ਮਜ਼ਬੂਤੀ ਦੇ ਸੰਕੇਤ ਦਿਖਾ ਰਹੀ ਹੈ। ਕਾਰੋਬਾਰ ਵਧ ਰਹੇ ਹਨ, ਨਵੀਆਂ ਨੌਕਰੀਆਂ ਅਤੇ ਮੌਕੇ ਪੈਦਾ ਕਰ ਰਹੇ ਹਨ, ਜਦੋਂ ਕਿ ਅਲਬਰਟਾ ਦੇ ਸਰੋਤਾਂ ਦੀ ਦੁਨੀਆ ਭਰ ਵਿੱਚ ਮੰਗ ਹੈ।

“ਇਸਦੇ ਨਾਲ ਹੀ, ਸਾਡੀ ਸਰਕਾਰ ਸਮਰੱਥਾ ਸੰਬੰਧੀ ਸੰਕਟ ਨੂੰ ਘਟਾਉਣ, ਸਿਹਤ ਦੇਖਭਾਲ ਤੱਕ ਪਹੁੰਚ ਵਿੱਚ ਸੁਧਾਰ ਕਰਨ ਅਤੇ ਸੰਘੀ ਓਵਰਰੀਚ ਦੇ ਵਿਰੁੱਧ ਦੂਜੇ ਸੂਬਿਆਂ ਦੇ ਨਾਲ ਮਜ਼ਬੂਤੀ ਨਾਲ ਖੜ੍ਹਨ ਲਈ ਤੇਜ਼ੀ ਨਾਲ ਅੱਗੇ ਵਧ ਰਹੀ ਹੈ।

“ਇਨ੍ਹਾਂ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਬਹੁਤ ਲੰਮਾ ਰਸਤਾ ਤੈਅ ਕਰਨਾ ਹੈ। ਪਰ ਅਲਬਰਟਾ ਵਿੱਚ ਕਦੇ ਵੀ ਇਸ ਨੂੰ ਸਫਲਤਾ ਤੱਕ ਲੈਕੇ ਜਾਣ ਦੀ ਅਭਿਲਾਸ਼ਾ ਜਾਂ ਦ੍ਰਿੜ ਇਰਾਦੇ ਦੀ ਕਮੀ ਨਹੀਂ ਰਹੀ ਹੈ। ਇਕੱਠੇ ਮਿਲ ਕੇ, ਅਸੀਂ ਆਪਣੇ ਸੁੰਦਰ ਘਰ ਦੀ ਰੱਖਿਆ ਕਰਾਂਗੇ ਅਤੇ ਉਸ ਦਾ ਨਿਰਮਾਣ ਕਰਾਂਗੇ, ਇਸ ਨੂੰ ਸਾਰਿਆਂ ਲਈ ਬਿਹਤਰ ਜਗ੍ਹਾ ਬਣਾਉਂਦੇ ਹੋਏ।

"ਅਲਬਰਟਾ ਨਿਵਾਸੀਆਂ ਦੇ ਤੌਰ 'ਤੇ, ਸਾਡੇ ਕੋਲ ਸ਼ੁਕਰਗੁਜ਼ਾਰ ਹੋਣ ਲਈ ਬਹੁਤ ਕੁਝ ਹੈ ਅਤੇ ਭਵਿੱਖ ਵਿੱਚ ਉਤਸ਼ਾਹਿਤ ਹੋਣ ਲਈ ਹੋਰ ਵੀ ਬਹੁਤ ਕੁਝ ਹੈ। ਮੈਂ ਤੁਹਾਡੇ ਸਾਰਿਆਂ ਲਈ 2023 ਸੁਰੱਖਿਅਤ, ਖੁਸ਼ਹਾਲ ਅਤੇ ਸੰਤੋਖ ਭਰਪੂਰ ਹੋਣ ਦੀ ਕਾਮਨਾ ਕਰਦੀ ਹਾਂ!”

### ਮੀਡੀਆ ਪੁੱਛਗਿੱਛ


ਰੇਬੇਕਾ ਪੋਲਕ (Rebecca Polak)

ਰੋਜ਼ਾਨਾ ਸੰਚਾਰ ਦੀ ਡਾਇਰੈਕਟਰ ਅਤੇ ਪ੍ਰੈਸ ਸਕੱਤਰ, ਔਫਿਸ ਔਫ ਦ ਪ੍ਰੀਮੀਅਰ